# ਗੁਰਪੁਰਬ ਕਿਸ ਤਰ੍ਹਾਂ ਮਨਾਈਏ ?

ਸ੍ਰ: ਜਸਬੀਰ ਸਿੰਘ
ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ

ਸਮੁੱਚੇ ਸਿੱਖ ਜਗਤ ਵਲੋਂ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਵਿੱਤਰ ਆਗਮਨ ਗੁਰਪੁਰਬ ਬੜੇ ਚਾਵਾਂ, ਸ਼ਰਧਾ ਤੇ ਉਤਸ਼ਾਹ ਪੂਰਵਕ ਮਨਾਇਆ ਜਾਣਾ ਹੈ। ਹਰ ਇਕ ਸਿੱਖ ਵਲੋਂ ਦਸਮ ਪਾਤਸ਼ਾਹ ਪ੍ਰਤੀ ਆਪਣੇ ਪਿਆਰ, ਸਤਿਕਾਰ ਦਾ ਪ੍ਰਗਟਾਵਾ ਹੋਣਾ ਹੈ ਅਤੇ ਹੋਣਾ ਵੀ ਚਾਹੀਦਾ ਹੈ।

ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਗੁਰਪੁਰਬ ਸਬੰਧੀ ਬੜੀ ਸੱਜ-ਧੱਜ ਨਾਲ ਨਗਰ-ਕੀਰਤਨ ਨਿਕਲਦੇ ਹਨ। ਦੀਵਾਨ ਸਜਣੇ ਹਨ, ਕੀਰਤਨ-ਦਰਬਾਰ ਢਾਡੀ ਦਰਬਾਰ ਕਵੀ ਦਰਬਾਰ ਹੋਣੇ ਹਨ। ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਤੇ ਗੁਰੂ ਸਾਹਿਬਾਨ ਦੇ ਉਪਦੇਸ਼ ਜੋ ਉਨ੍ਹਾਂ ਸਾਰੀ ਮਨੁੱਖਤਾ ਪ੍ਰਤੀ ਦਿੱਤੇ ਹਨ, ਮਹਾਨ ਵਿਦਵਾਨਾਂ ਨੇ ਬੜੇ ਵਿਸਥਾਰਮਈ ਤੇ ਸੁਚੱਜੇ ਢੰਗ ਨਾਲ ਪ੍ਰਚਾਰ ਕਰਨਾ ਹੈ। ਐਪਰ ਅਸੀਂ ਬੜੇ ਉਤਸ਼ਾਹ-ਪੂਰਨ ਗੁਰਪੁਰਬ ਮਨਾ ਕੇ ਹੀ ਇਹ ਤਸੱਵਰ ਨਾ ਕਰ ਲਈਏ ਕਿ ਗੁਰੂ ਸਾਹਿਬ ਦੀ ਖੁਸ਼ੀ ਸਾਨੂੰ ਮਿਲ ਗਈ। ਇਹ ਤਾਂ ਸਭ ਸਾਡੇ ਬਾਹਰੀ ਭਾਵ ਦੀ ਗੁਰੂ ਸਾਹਿਬਾਂ ਪ੍ਰਤੀ ਸ਼ਰਧਾ ਹੈ। ਅਸਲ ਵਿੱਚ ਗੁਰਪੁਰਬ ਉਹ ਤੇ ਉਦੋਂ ਮਨਾਇਆ ਗਿਆ ਪ੍ਰਵਾਨ ਹੋਣਾ ਹੈ ਜਦੋਂ ਅਸਾਂ ਨੇ ਗੁਰੂ ਸਾਹਿਬਾਂ ਦੇ ਸਾਂਝੀ ਮਾਨਵਤਾ ਪ੍ਰਤੀ ਦੱਸੇ ਉਪਦੇਸ਼ਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਵਸਾਉਣ ਤੇ ਉਸ 'ਤੇ ਚੱਲਣ ਦਾ ਯਤਨ ਕੀਤਾ।

ਅਸੀਂ ਲੱਖਾਂ-ਕਰੋੜਾਂ ਰੁਪਏ ਦੀਪਮਾਲਾ, ਆਤਿਸ਼ਬਾਜੀ ਆਦਿ 'ਤੇ ਖਰਚ ਕਰ ਦਿੰਦੇ ਹਾਂ। ਚਲੋ ਇਹ ਵੀ ਆਪਣੇ ਥਾਂ 'ਤੇ ਠੀਕ ਹੈ, ਪ੍ਰੰਤੂ ਇਹ ਨਾ ਹੋਵੇ ਕਿ ਜਦ ਅਸੀਂ ਇਹ ਵੇਖੀਏ ਕਿ ਕੁੱਝ ਹੀ ਪ੍ਰਾਣੀਆਂ ਨੇ ਗੁਰੂ-ਉਪਦੇਸ਼ਾਂ ਨੂੰ ਆਪਣੇ ਮਨ ਵਿੱਚ ਵਸਾਇਆ ਹੈ ਤੇ ਕੁੱਝ ਨੇ ਹੀ ਜੀਵਨ ਨੂੰ ਸੁਧਾਰਿਆ ਹੈ ਤਾਂ ਸਾਨੂੰ ਨਿਰਾਸ਼ਾ ਹੋਵੇ ! ਸੋ ਅੱਜ ਪ੍ਰਚਾਰ ਤਾਂ ਬਹੁਤ ਹੈ ਪਰ ਜੀਵਨ ਵਾਲੇ ਪ੍ਰਾਣੀ ਘੱਟ ਹਨ।

ਕੀ ਕਾਰਨ ਹੈ ਕਿ ਇਤਨਾ ਪ੍ਰਚਾਰ ਹੋਣ ਦੇ ਬਾਵਜੂਦ ਵੀ ਦਿਨ-ਬ-ਦਿਨ ਅਸੀਂ ਚੜ੍ਹਦੀ ਕਲਾ ਵਿੱਚ ਹੋਣ ਦੀ ਬਜਾਏ ਹੇਠਾਂ ਵੱਲ ਜਾ ਰਹੇ ਹਾਂ? ਕਿਉਂ ਸਾਡੇ ਕਰਮ ਮਾੜੇ ਹਨ, ਸਾਡੀ ਸੋਚ ਮਾੜੀ ਹੈ? ਕਿਉਂ ਸਾਡਾ ਰਹਿਣ-ਸਹਿਣ ਬਦਲ ਰਿਹਾ ਹੈ? ਨਸ਼ਿਆਂ ਦੀ ਪਰਵਿਰਤੀ ਕਿਉਂ ਵੱਧ ਰਹੀ ਹੈ? ਨੌਜਵਾਨ ਪੀੜ੍ਹੀ ਕਿਸ ਪਾਸੇ ਜਾ ਰਹੀ ਹੈ? ਕੇਸਾਂ ਦੀ ਬੇਅਦਬੀ, ਨਿੱਤ ਨਵੇਂ ਕਾਮ-ਭੜਕਾਊ ਫੈਸ਼ਨ, ਇਹ ਅਸੀਂ ਕੀ ਦੇਖ ਰਹੇ ਹਾਂ? ਅਸੀਂ ਤਾਂ ਆਪਣੇ ਗੌਰਵਮਈ ਵਿਰਸੇ ਤੋਂ ਬਹੁਤ ਦੁਰੇਡੇ ਜਾ ਰਹੇ ਹਾਂ। ਅੱਜ ਦੇ ਮੁਕਾਬਲੇ ਵਿੱਚ ਪੁਰਾਤਨ ਸਮੇਂ ਇਤਨਾ ਪ੍ਰਚਾਰ ਨਹੀਂ ਸੀ, ਨਾ ਹੀ ਇਤਨੇ ਪ੍ਰਚਾਰ ਦੇ ਸਾਧਨ ਸਨ, ਪਰ ਉਸ ਸਮੇਂ ਤਾਂ ਅਜੇਹੀ ਚਿੰਤਾਜਨਕ ਹਾਲਤ ਨਹੀਂ ਸੀ, ਜੋ ਅੱਜ ਹੈ। ਪੁਰਾਤਨ ਸਮੇਂ ਵਿੱਚ ਸਿੱਖਾਂ 'ਤੇ ਅਤਿ ਭਿਆਨਕ ਤੇ ਕਸ਼ਟਮਈ ਸਮਾਂ ਆਇਆ ਪਰ ਉਸ ਵੇਲੇ ਜੀਵਨ-ਪੱਧਰ ਬਹੁਤ ਉੱਚਾ ਸੀ, ਇਖਲਾਕ, ਇਮਾਨਦਾਰੀ ਤੇ ਸੱਚਾਈ ਸੀ। ਉਸ ਵਕਤ ਜੋ ਵੀ ਪ੍ਰਚਾਰ ਸੀ ਉਹ ਬੜਾ ਹੀ ਪ੍ਰਭਾਵਸ਼ਾਲੀ ਤੇ ਅਸਰ ਭਰਪੂਰ ਸੀ ਕਿਉਂ ਜੋ ਸਿੱਖ, ਕਹਿਣੀ ਤੇ ਕਰਨੀ ਦੇ ਪੂਰੇ ਸਨ। ਉਨ੍ਹਾਂ ਨੇ ਗੁਰ-ਉਪਦੇਸ਼ਾਂ ਨੂੰ ਬੜੀਆਂ ਸਖ਼ਤ ਘਾਲਣਾਂ ਘਾਲ ਕੇ ਕਮਾਇਆ ਤੇ ਪ੍ਰਚਾਰਿਆ ਸੀ। ਹਕੂਮਤ ਭਾਵੇਂ ਸਿੱਖ-ਵਿਰੋਧੀ ਸੀ ਪਰ ਜਿੱਥੇ ਹੱਕ-ਇਨਸਾਫ ਦਾ ਸਵਾਲ ਸੀ ਉਥੇ ਸਿੱਖ ਦੀ ਕਦਰ ਕੀਤੀ ਜਾਂਦੀ ਸੀ। ਇਥੋਂ ਤੱਕ ਕਿ ਮੁਕੱਦਮੇ ਵਿੱਚ ਸਿੱਖ ਦੀ ਗਵਾਹੀ 'ਤੇ ਫੈਸਲਾ ਦੇ ਦਿੱਤਾ ਜਾਂਦਾ ਸੀ। ਦੂਸਰੀਆਂ ਕੌਮਾਂ ਨਾਲ ਭਾਵੇਂ ਵਿਚਾਰਕ ਸਾਂਝ ਨਹੀਂ ਸੀ ਪਰ ਉਹ ਸਿੱਖ ਦੇ ਆਚਰਣ ਤੇ ਸਚਾਈ ਦੀਆਂ ਕਾਇਲ ਸਨ; ਇਸ ਮਸਲੇ 'ਤੇ ਆ ਕੇ ਸਿੱਖਾਂ ਦਾ ਇਹਤਰਾਮ ਕਰਦੀਆਂ ਸਨ।

ਐਪਰ ਉਸ ਸਮੇਂ ਨਾਲੋਂ ਅੱਜ ਦੀ ਹਾਲਤ ਬਿਲਕੁਲ ਵੱਖਰੀ ਹੈ। ਹੁਣ ਨਾ ਤਾਂ ਕਸ਼ਟਮਈ ਭਿਆਨਕ ਸਮਾਂ ਹੈ ਤੇ ਨਾ ਹੀ ਪ੍ਰਚਾਰ ਦੀ ਘਾਟ। ਫਿਰ ਕਿਉਂ ਸਾਡਾ ਜੀਵਨ-ਪੱਧਰ ਗਿਰਾਵਟ ਵੱਲ ਜਾ ਰਿਹਾ ਹੈ? ਜਿਥੇ ਇਹ ਸਵਾਲ ਆਵੇਗਾ ਕਿ ਕੀ ਅਸੀਂ ਵਾਕਿਆ ਹੀ ਗੁਰੂ-ਪਾਤਸ਼ਾਹ ਦੇ ਇਨਸਾਫ ਪਸੰਦ ਤੇ ਉੱਚ ਆਚਰਣ ਵਾਲੇ ਸਿੱਖ ਹਾਂ? ਇਸ ਦਾ ਜਵਾਬ ਲੱਭਦਿਆਂ ਸਾਨੂੰ ਮਾਯੂਸੀ ਹੋਵੇਗੀ। ਬਾਹਰੀ ਰਹਿਤ ਵੀ ਰੱਖਣੀ ਜ਼ਰੂਰੀ ਹੈ ਐਪਰ ਬਾਹਰੀ ਰਹਿਤ-ਬਹਿਤ ਦੇ ਨਾਲ-ਨਾਲ ਅੰਦਰੂਨੀ ਸਚਾਈ ਵੀ ਜ਼ਰੂਰੀ ਚਾਹੀਦੀ ਹੈ। ਜੇ ਕੇਵਲ ਮਾਤਰ ਬਾਹਰੀ ਰਹਿਤ-ਬਹਿਤ ਹੈ ਤੇ ਅੰਦਰੂਨੀ ਤੌਰ 'ਤੇ ਅਸੀਂ ਸ਼ੁਭ ਗੁਣਾਂ ਤੋਂ ਸੱਖਣੇ ਹਾਂ ਤਾਂ ਇਹ ਕੋਈ ਖਾਸ ਮਾਅਨੇ ਨਹੀਂ ਰੱਖਦੀ।

ਜਦੋਂ ਅਸੀਂ ਕੋਈ ਗੱਲ ਕਿਸੇ ਨੂੰ ਕਹਿੰਦੇ ਹਾਂ ਤਾਂ ਸਭ ਤੋਂ ਜ਼ਰੂਰੀ ਇਹ ਹੈ ਕਿ ਅਸੀਂ ਇਹ ਜਾਣ ਲਈਏ ਕਿ ਕੀ ਅਸੀਂ ਉਸ ਗੱਲ 'ਤੇ ਆਪ ਪਹਿਰਾ ਦਿੱਤਾ? ਕਿਤੇ ਇਹ ਤਾਂ ਨਹੀਂ ਕਿ ਅਸੀਂ ਉਸ ਗੱਲ 'ਤੇ ਸਹਿਮਤ ਨਾ ਹੋਈਏ 'ਤੇ ਦੂਸਰਿਆਂ ਨੂੰ ਇਹ ਗੱਲ ਮੰਨਣ ਲਈ ਜ਼ੋਰ ਦੇਈ ਜਾਈਏ? ਜੇ ਸਾਡੇ ਆਪਣੇ ਅਮਲ ਠੀਕ ਨਹੀਂ ਤਾਂ ਇਸ ਬਾਰੇ ਸਾਡਾ ਦਿੱਤਾ ਉਪਦੇਸ਼ ਦੂਸਰੇ 'ਤੇ ਕਿਸ ਤਰ੍ਹਾਂ ਸਾਰਥਕ ਹੋ ਸਕਦਾ ਹੈ? ਸੋ ਇਥੇ ਇਹ ਗੱਲ ਜ਼ਰੂਰੀ ਹੈ ਕਿ ਪਹਿਲਾਂ ਆਪਣਾ ਆਪ ਸੁਧਾਰੋ 'ਤੇ ਫਿਰ ਪ੍ਰਚਾਰੋ।

ਨੌਜਵਾਨ ਪੀੜ੍ਹੀ ਦਾ ਰੁਝਾਨ ਜੇ ਇਸੇ ਤਰ੍ਹਾਂ ਸਿੱਖੀ ਅਸੂਲਾਂ ਤੋਂ ਮੂੰਹ ਮੋੜਦਾ ਰਿਹਾ ਤਾਂ ਇਹ ਅੱਗੇ ਜਾ ਕੇ ਬੜਾ ਘਾਤਕ ਸਿੱਧ ਹੋਵੇਗਾ। ਪੱਛਮੀ ਪ੍ਰਭਾਵ ਜੋ ਬੜੀ ਤੇਜ਼ੀ ਨਾਲ ਸਾਡੇ ਨੌਜਵਾਨਾਂ ਵਿੱਚ ਘਰ ਕਰੀ ਜਾ ਰਿਹਾ ਹੈ ਇਹ ਬਹੁਤ ਮਾੜਾ ਹੈ। ਅੱਜਕੱਲ੍ਹ ਦੇ ਟੀ.ਵੀ. 'ਤੇ ਚੱਲ ਰਹੇ ਵੱਖ-ਵੱਖ ਚੈਨਲ ਵੀ ਨੌਜਵਾਨਾਂ ਨੂੰ ਕੋਈ ਸੇਧ ਦੇਣ ਦੀ ਬਜਾਏ ਮਾੜੇ ਪਾਸੇ ਪ੍ਰਵਿਰਤ ਕਰ ਰਹੇ ਹਨ। ਇਹ ਸਾਨੂੰ ਸਾਡੇ ਗੌਰਵਮਈ ਵਿਰਸੇ ਤੋਂ ਵਿਛੋੜ ਰਹੇ ਹਨ। ਅੱਜ ਸਿੱਖੀ ਦੇ ਸੁਨਹਿਰੀ ਅਸੂਲਾਂ ਦੇ ਪ੍ਰਚਾਰ ਦੀ ਬੜੀ ਅਹਿਮੀਅਤ ਹੈ, ਇਹੋ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਪੱਛਮੀ ਦਬਾਅ ਤੋਂ ਬਚਾ ਕੇ, ਸਿੱਖੀ ਵਿਰਸੇ ਨਾਲ ਜੋੜ ਕੇ, ਗੁਰੂ-ਉਪਦੇਸ਼ਾਂ ਨੂੰ ਦ੍ਰਿੜ੍ਹ ਕਰਵਾ ਕੇ ਉਨ੍ਹਾਂ ਦਾ ਜੀਵਨ ਸਵਾਰ ਸਕਦੇ ਹਨ।

ਸਿੱਖ ਕੌਮ ਦੇ ਨੁਮਾਇੰਦਿਆਂ ਅਤੇ ਘਰ ਦੇ ਮੋਢੀਆਂ ਤੋਂ ਸਿੱਖਿਆ ਮਿਲਦੀ ਹੈ। ਜੇ ਉਹ ਖੁਦ ਸਿੱਖੀ ਤੋਂ ਦੂਰ ਹਨ ਤਾਂ ਬੱਚੇ ਕਿਸ ਤਰ੍ਹਾਂ ਸਿੱਖੀ ਅਪਨਾਅ ਸਕਦੇ ਹਨ? ਸੋ ਲੋੜ ਹੈ ਕਿ ਅਸੀਂ ਖੁਦ ਸਿੱਖੀ 'ਤੇ ਚੱਲੀਏ, ਤਾਂ ਬੱਚੇ ਇਸ ਨੂੰ ਗ੍ਰਹਿਣ ਕਰ ਲੈਣਗੇ।